# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10 Pm

**ਮਿਤੀ: 02-08-2024**

ਕੇਂਦਰੀ ਜਾਂਚ ਬਿਊਰੋ ਨੇ, ਬਿਹਾਰ ਵਿੱਚ ਰਾਸ਼ਟਰੀ ਯੋਗਤਾ ਦਾਖਲਾ ਪ੍ਰੀਖਿਆ- NEET- UG ਪੇਪਰ ਲੀਕ ਮਾਮਲੇ ਵਿੱਚ 13 ਮੁਲਜ਼ਮਾਂ ਖਿਲਾਫ, ਕੱਲ੍ਹ ਪਹਿਲੀ ਚਾਰਜਸ਼ੀਟ ਦਾਖਲ ਕੀਤੀ। ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਮਨੀਸ਼ ਪ੍ਰਕਾਸ਼, ਸਿਕੰਦਰ ਯਾਦਵੇਂਦੂ ਅਤੇ 11 ਹੋਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਏ । ਬਿਹਾਰ ਪੁਲਿਸ ਦੀ ਆਰਥਿਕ ਅਪਰਾਧ ਯੂਨਿਟ ਨੇ, ਪ੍ਰਸ਼ਨ ਪੱਤਰ ਲੀਕ ਮਾਮਲੇ ਵਿੱਚ ਇੱਕ ਸੰਗਠਿਤ ਅੰਤਰ-ਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਏ । ਜਾਂਚ ਏਜੰਸੀ ਨੇ ਸਬੂਤ ਇਕੱਠੇ ਕਰਨ ਲਈ ਐਡਵਾਂਸਡ ਫੋਰੈਂਸਿਕ ਤਕਨੀਕ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸੀ.ਸੀ.ਟੀ.ਵੀ. ਫੁਟੇਜ ਦੀ ਵਰਤੋਂ ਕੀਤੀ।

---

NEET UG ਪੇਪਰ ਲੀਕ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ ਵਲੋਂ ਜਾਂਚ ਕੀਤੇ ਜਾਣ 'ਤੇ ਲੋਕਾਂ ਨੂੰ ਵੀ ਕਾਫੀ ਤੱਸਲੀ ਮਿਲੀ ਏ। ਮੋਗਾ ਦੇ ਰਹਿਣ

ਵਾਲੇ ਪ੍ਰੋਫ਼ੈਸਰ ਗੁਰਪ੍ਰੀਤ ਸਿੰਘ ਘਾਲੀ, ਇਸ ਮਾਮਲੇ ਵਿਚ ਅਦਾਲਤ ਦੇ ਫੈਸਲੇ ਤੋਂ ਖੁਸ਼ ਨੇ। ਫਾਜ਼ਿਲਕਾ ਤੋਂ ਸੀਨੀਅਰ ਸਿਟੀਜਨ ਸ਼ਸ਼ੀਕਾਂਤ ਮੰਨਦੇ ਨੇ ਕਿ ਇਸ ਮਾਮਲੇ ਵਿਚ ਸਰਕਾਰ ਵਲੋਂ ਕੀਤੀ ਜਾਂਚ ਨਾਲ ਵਿਦਿਆਰਥੀਆਂ ਦਾ ਭਰੋਸਾ ਕਾਇਮ ਹੋਵੇਗਾ।

---------------------------------------------------------

ਯੂ.ਪੀ.ਆਈ. ਆਧਾਰਿਤ ਲੈਣ-ਦੇਣ, ਇਸ ਸਾਲ ਜੁਲਾਈ 'ਚ ਵਧ ਕੇ, 20 ਲੱਖ 64 ਹਜ਼ਾਰ ਕਰੋੜ ਰੁਪਏ ਹੋ ਗਿਆ ਏ । ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ ਨੇ ਕੱਲ੍ਹ ਇਸ ਸਬੰਧ ਵਿੱਚ ਅੰਕੜੇ ਜਾਰੀ ਕੀਤੇ । ਰਿਪੋਰਟ ਵਿਚ ਕਿਹਾ ਗਿਆ ਏ ਕਿ ਸਾਲ ਦਰ ਸਾਲ, ਆਧਾਰ 'ਤੇ ਯੂ.ਪੀ. ਆਈ ਲੈਣ-ਦੇਣ 'ਚ 35 ਫੀਸਦੀ ਵਾਧਾ ਹੋਇਆ ਏ । ਭਾਰਤੀ ਰਿਜ਼ਰਵ ਬੈਂਕ ਦੀ ਤਾਜ਼ਾ ਰਿਪੋਰਟ ਮੁਤਾਬਿਕ , ਭਾਰਤ ਆਪਣੀ ਮਜ਼ਬੂਤ ਡਿਜੀਟਲ ਪ੍ਰਣਾਲੀ ਅਤੇ ਨੀਤੀਗਤ ਪਹਿਲਕਦਮੀਆਂ ਕਾਰਨ, ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਡਿਜੀਟਲ ਅਰਥ-ਵਿਵਸਥਾ ਬਣਨ ਲਈ ਇੱਕ ਮੋਹਰੀ ਦੇਸ਼ ਵਜੋਂ ਉਭਰਿਆ ਏ । ਜੁਲਾਈ ਵਿੱਚ ਕੁੱਲ ਯੂ.ਪੀ.ਆਈ ਲੈਣ-ਦੇਣ ਚਾਰ

ਫੀਸਦੀ ਵਧ ਕੇ, 14 ਅਰਬ 44 ਕਰੋੜ ਰੁਪਏ ਹੋ ਗਿਆ । ਔਸਤ ਰੋਜ਼ਾਨਾ ਲੈਣ-ਦੇਣ 46 ਕਰੋੜ 60 ਲੱਖ ਰੁਪਏ ਰਿਹਾ।

-----------------------------------------------------

ਇਨਫੋਰਸਮੈਂਟ ਡਾਇਰੈਕਟੋਰੇਟ ED ਨੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ, ਟੈਂਡਰ ਵੰਡ ਘੁਟਾਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਏ। ਸਟੇਟ ਵਿਜੀਲੈਂਸ ਦਫ਼ਤਰ ਨੇ ਇਸ ਘਪਲੇ ਦਾ ਪਰਦਾਫਾਸ਼ ਕੀਤਾ ਸੀ । ਡਾਇਰੈਕਟੋਰੇਟ ਨੇ ਭੂਸ਼ਣ ਆਸ਼ੂ ਤੋਂ ਮੰਡੀਆਂ 'ਚੋਂ ਅਨਾਜ ਦੀ ਢੋਆ-ਢੁਆਈ ਨਾਲ ਜੁੜੇ ਘੁਟਾਲੇ 'ਚ ਪੁੱਛਗਿੱਛ ਕੀਤੀ ਅਤੇ ਤਸੱਲੀਬਕਸ਼ ਜਵਾਬ ਨਾ ਮਿਲਣ ਤੇ ਆਸ਼ੂ ਨੂੰ ਗਿਰਫਤਾਰ ਕਰ ਲਿਆ।

-----------------------------------------------------

ਅਲਿਮਕੋ ਕਾਨਪੁਰ ਅਤੇ ਰੈੱਡ ਕਰਾਸ ਸੁਸਾਇਟੀ ਫ਼ਰੀਦਕੋਟ ਵਲੋਂ, ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ ਦੇ ਸਹਿਯੋਗ ਨਾਲ, ਵਿਸ਼ੇਸ਼ ਜ਼ਰੂਰਤਾਂ ਵਾਲੇ ਦਿਵਿਆਂਗ ਵਿਅਕਤੀਆਂ ਨੂੰ ਸੀ.ਐਸ.ਆਰ. ਸਕੀਮ ਅਤੇ ਭਾਰਤ ਸਰਕਾਰ ਦੀ ਏਡਿੱਪ ਸਕੀਮ

ਤਹਿਤ, ਲੋੜੀਂਦੇ ਸਹਾਇਤਾ ਉਪਕਰਨ ਉਪਲਬਧ ਕਰਵਾਉਣ ਲਈ, ਫਰੀਦਕੋਟ ਜ਼ਿਲ੍ਹੇ ਅੰਦਰ ਵੱਖ-ਵੱਖ ਥਾਵਾਂ 'ਤੇ ਮੈਡੀਕਲ ਜਾਂਚ ਕੈਂਪ ਲਗਾਏ ਗਏ ਸਨ । ਜਿਸ ਵਿਚ ਵਿਸ਼ੇਸ਼ ਜ਼ਰੂਰਤਾਂ ਵਾਲੇ ਦਿਵਿਆਂਗ ਵਿਅਕਤੀਆਂ ਦੀ ਜਾਂਚ ਵਿਸ਼ੇਸ਼ ਮਾਹਿਰਾਂ ਦੀ ਟੀਮ ਵਲੋਂ ਕੀਤੀ ਗਈ ਸੀ । ਇਸ ਸੰਬੰਧੀ ਜਾਣਕਾਰੀ ਦਿੰਦਿਆਂ, ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਦੱਸਿਆ ਕਿ ਕੈਂਪ ਦੌਰਾਨ ਜ਼ਿਲੇ ਦੇ 253 ਵਿਅਕਤੀਆਂ ਨੂੰ ਸੂਚੀਬੱਧ ਕੀਤਾ ਗਿਆ ਅਤੇ ਇਨਾਂ ਨੂੰ ਕੋਈ 71 ਲੱਖ ਤੋਂ ਵੱਧ ਦੀ ਕੀਮਤ ਦਾ ਸਮਾਨ ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ਼ ਇੰਡੀਆ ਵਲੋਂ, CSR ਸਕੀਮ ਤਹਿਤ ਦਿੱਤਾ ਜਾਵੇਗਾ । ਇਸ ਵਿਚ ਮੋਟਰਾਈਜ਼ ਟਰਾਈ-ਸਾਇਕਲ, ਵੀਲ ਚੇਅਰ, ਘੱਟ ਸੁਣਨ ਵਾਲੇ ਵਿਅਕਤੀਆਂ ਨੂੰ ਕੰਨਾਂ ਦੀਆਂ ਮਸ਼ੀਨਾਂ, ਨੇਤਰਹੀਣ ਵਿਅਕਤੀਆਂ ਲਈ ਸਮਾਰਟ ਫੋਨ, ਬੱਚਿਆ ਲਈ ਐਮ.ਆਰ ਕਿੱਟਾਂ, ਚੱਲਣ ਫਿਰਨ ਤੋਂ ਅਸਮਰੱਥ ਵਿਅਕਤੀਆਂ ਲਈ ਬਸਾਖੀਆ ਅਤੇ ਕੈਲੀਪਰ ਦਿੱਤੇ ਜਾਣਗੇ ।

---------------------------------------------------------------

ਉੱਤਰਾਖੰਡ ਵਿੱਚ ਮੀਂਹ ਅਤੇ ਜ਼ਮੀਨ ਖਿਸਕਣ ਕਾਰਨ, ਕੇਦਾਰਨਾਥ ਯਾਤਰਾ ਅਗਲੇ ਹੁਕਮਾਂ ਤੱਕ ਰੋਕ ਦਿੱਤੀ ਗਈ ਏ । ਕੌਮੀ ਆਫ਼ਤ

ਪ੍ਰਤੀਕਿਰਿਆ ਬਲ , ਸੂਬਾ ਆਫ਼ਤ ਪ੍ਰਤੀਕਿਰਿਆ ਬਲ, ਜ਼ਿਲ੍ਹਾ ਆਫ਼ਤ ਪ੍ਰਤੀਕਿਰਿਆ ਬਲ , ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਤਾਲਮੇਲ ਯਤਨਾਂ ਨਾਲ, ਯਾਤਰਾ ਮਾਰਗ 'ਤੇ ਫਸੇ ਦੋ ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਬਚਾਇਆ ਗਿਆ ਏ । ਕੱਲ੍ਹ ਹੈਲੀਕਾਪਟਰ ਰਾਹੀਂ ਭਿੰਬਲੀ, ਰਾਮਬਾਡਾ ਅਤੇ ਲਿਨਚੋਲੀ ਤੋਂ ਕਰੀਬ 425 ਯਾਤਰੀਆਂ ਨੂੰ ਬਚਾਇਆ ਗਿਆ ਸੀ । ਸੋਨ-ਪ੍ਰਯਾਗ ਅਤੇ ਭਿੰਬਲੀ ਵਿਚਕਾਰ ਫਸੇ ਇੱਕ ਹਜ਼ਾਰ 100 ਯਾਤਰੀਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ ।

---------------------------------------------------------------

ਪੈਰਿਸ ਓਲੰਪਿਕ ਦੇ ਪੂਲ ਬੀ ਵਿਚ, ਭਾਰਤ ਹਾਕੀ ਵਿੱਚ ਅੱਜ ਆਪਣਾ ਆਖ਼ਰੀ ਲੀਗ ਮੈਚ ਆਸਟਰੇਲੀਆ ਖ਼ਿਲਾਫ਼ ਖੇਡੇਗਾ । ਭਾਰਤੀ ਸਮੇਂ ਮੁਤਾਬਕ ਇਹ ਮੈਚ ਸ਼ਾਮ ਪੌਣੇ ਪੰਜ ਵਜੇ ਸ਼ੁਰੂ ਹੋਵੇਗਾ । ਤੁਲਿਕਾ ਮਾਨ ਜੂਡੋ ਵਿੱਚ, ਔਰਤਾਂ ਦੇ 78 ਕਿਲੋ ਭਾਰ ਵਰਗ ਵਿੱਚ, ਕਿਊਬਾ ਦੀ ਇਡਾਲਿਸ ਓਰ-ਟਿਸ ਨਾਲ ਭਿੜੇਗੀ । ਦੂਜੇ ਪਾਸੇ, ਮਰਦਾਂ ਦੀ ਡਿੰਗੀ ਸੇਲਿੰਗ ਵਿੱਚ, ਵਿਸ਼ਨੂੰ ਸਰਵਨਨ ਆਪਣੀ ਤੀਜੀ ਤੇ ਚੌਥੀ ਦੌੜ ਖੇਡੇਗਾ ਜਦਕਿ ਔਰਤਾਂ ਦੀ ਡਿੰਗੀ ਵਿੱਚ ਨੇਤਰਾ ਕੁਮਨਨ ਆਪਣੀ ਦੂਜੀ ਤੇ ਤੀਜੀ ਦੌੜ ਖੇਡੇਗੀ । ਅਥਲੈਟਿਕਸ ਮੁਕਾਬਲਿਆਂ ਦੇ ਦੂਜੇ ਦਿਨ ਪਾਰੁਲ ਚੌਧਰੀ ਆਪਣੀ ਓਲੰਪਿਕ ਮੁਹਿੰਮ ਦੀ ਸ਼ੁਰੂਆਤ ਔਰਤਾਂ

ਦੀ 5000 ਮੀਟਰ ਦੌੜ ਦੇ ਪਹਿਲੇ ਗੇੜ ਵਿੱਚ ਕਰੇਗੀ ਅਤੇ ਤਜਿੰਦਰਪਾਲ ਸਿੰਘ ਤੂਰ ਮਰਦਾਂ ਦੇ ਸ਼ਾਟ ਪੁਟ ਮੁਕਾਬਲੇ ਵਿੱਚ ਆਪਣੀ ਓਲੰਪਿਕ ਮੁਹਿੰਮ ਦੀ ਸ਼ੁਰੂਆਤ ਕਰਨਗੇ।